ਕਰਜ਼ਾ ਲੈਣ ਲਈ ਰੁੱਖਾਂ ਨੂੰ ਗਿਰਵੀ ਰੱਖਣਾ

ਆਫ ਦਿ ਰਿਕਾਰਡ

ਇਹ ਹੈਰਾਨ ਕਰਨ ਵਾਲੀ ਖ਼ਬਰ ਹੈ–ਇਕ ਅਜਿਹੀ ਖ਼ਬਰ ਜਿਸ 'ਤੇ ਭਰੋਸਾ ਕਰਨਾ ਔਖਾ ਹੈ। ਜ਼ਰਾ ਕਲਪਨਾ ਕਰੋ। ਮਹਾਰਾਸ਼ਟਰ ਸਰਕਾਰ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਉਸ ਕੋਲ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਫੰਡਾਂ ਦੀ ਘਾਟ ਹੈ ਤੇ ਉਹ ਕਰਜ਼ਾ ਲੈਣ ਲਈ ਆਪਣੇ ਸਾਗਵਾਨ ਦੇ ਰੁੱਖਾਂ ਨੂੰ ਗਿਰਵੀ ਰੱਖਣ ਦੀ ਯੋਜਨਾ ਬਣਾ ਰਹੀ ਹੈ।

ਮਹਾਰਾਸ਼ਟਰ ਦੇ ਸੀਨੀਅਰ ਮੰਤਰੀ ਗਣੇਸ਼ ਨਾਇਕ ਨੇ ਖੁਦ ਇਹ ਗੱਲ ਕਹੀ।। ਇਸ 'ਤੇ ਵਿਚਾਰ ਕਰੋ। ਵਿਜੇ ਮਾਲਿਆ ਨੇ ਕਿੰਗਫਿਸ਼ਰ ਦੇ ਬ੍ਰਾਂਡ ਮੁੱਲ ਦੇ ਆਧਾਰ 'ਤੇ ਕਰਜ਼ਾ ਲਿਆ ਜਿਸ ਨੂੰ ਬਾਅਦ 'ਚ ਇਕ ਵਿੱਤੀ ਧੋਖਾਦੇਹੀ ਐਲਾਨਿਆ ਗਿਆ। ਹੁਣ ਸੂਬਾ ਸਰਕਾਰ ਪੈਸੇ ਇਕੱਠੇ ਕਰਨ ਲਈ ਰੁੱਖਾਂ ਨੂੰ ਗਿਰਵੀ ਰੱਖਣ ਬਾਰੇ ਗੱਲ ਕਰ ਰਹੀ ਹੈ।

ਨਾਇਕ ਨੇ ਸਰਕਾਰ ਦੇ ਗੰਭੀਰ ਵਿੱਤੀ ਸੰਕਟ ਨੂੰ ਮੰਨਿਆ। ਉਨ੍ਹਾਂ ਕਿਹਾ ਕਿ ਕਰਜ਼ਾ ਰੁੱਖਾਂ ਨੂੰ ਗਿਰਵੀ ਰੱਖ ਕੇ ਲਿਆ ਜਾਵੇਗਾ। ਉਨ੍ਹਾਂ ਸੰਕੇਤ ਦਿੱਤਾ ਕਿ ਇਹ ਸੰਕਟ ਮੁੱਖ ਰੂਪ 'ਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ 'ਮੁਫ਼ਤ ਦੀਆਂ ਰਿਓੜੀਆਂ' ਦੇ ਕੀਤੇ ਗਏ ਵਾਅਦਿਆਂ ਕਾਰਨ ਪੈਦਾ ਹੋਇਆ ਹੈ। ਇਸ ਨੇ ਸੂਬੇ 'ਤੇ ਭਾਰੀ ਵਿੱਤੀ ਬੋਝ ਪਾਇਆ ਹੈ।

ਉਨ੍ਹਾਂ ਖਾਸ ਤੌਰ 'ਤੇ 'ਮਾਝੀ ਲਾਡਕੀ ਬਹਿਨ' ਯੋਜਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨੇ ਸਰਕਾਰ 'ਤੇ ਕਾਫ਼ੀ ਵਿੱਤੀ ਦਬਾਅ ਪਾਇਆ ਹੈ। ਉਨ੍ਹਾਂ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਇਹ ਭਲਾਈ ਯੋਜਨਾਵਾਂ ਜਾਰੀ ਰਹਿਣਗੀਆਂ। ਹਾਲਾਂਕਿ, ਵਧਦੇ ਵਿੱਤੀ ਦਬਾਅ ਕਾਰਨ ਵਿਕਾਸ ਪ੍ਰਾਜੈਕਟ ਰੁਕ ਗਏ ਹਨ। ਰੋਜ਼ਾਨਾ ਦੇ ਪ੍ਰਸ਼ਾਸਕੀ ਖਰਚਿਆਂ ਨੂੰ ਵੀ ਫੰਡਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਨਤੀਜੇ ਵਜੋਂ ਸੂਬਾ ਸਰਕਾਰ ਨੇ ਆਪਣੇ ਸਾਗਵਾਨ ਦੇ ਰੁੱਖਾਂ ਨੂੰ ਗਿਰਵੀ ਰੱਖਣ ਦਾ ਫੈਸਲਾ ਕੀਤਾ ਹੈ। ਅਜਿਹੀਆਂ ਰਿਪੋਰਟਾਂ ਹਨ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਲਾਏ ਗਏ ਸਾਗਵਾਨ ਦੇ ਰੁੱਖਾਂ ਦੀ ਕੀਮਤ ਲਗਭਗ 12,000 ਕਰੋੜ ਰੁਪਏ ਹੈ।

ਇਨ੍ਹਾਂ ਰੁੱਖਾਂ ਨੂੰ ਗਿਰਵੀ ਰੱਖ ਕੇ ਸਰਕਾਰ ਆਪਣੇ ਵਿੱਤ ਪ੍ਰਬੰਧਨ ਲਈ ਲਗਭਗ 6,000 ਕਰੋੜ ਦਾ ਕਰਜ਼ਾ ਲੈਣ ਦੀ ਯੋਜਨਾ ਬਣਾ ਰਹੀ ਹੈ। ਉਠਾਈਆਂ ਜਾ ਰਹੀਆਂ ਚਿੰਤਾਵਾਂ ਗੰਭੀਰ ਹਨ। ਕੌਣ ਜਾਣਦਾ ਹੈ ਕਿ ਸੂਬਾ ਸਰਕਾਰ ਅੱਗੇ ਹੋਰ ਕੀ ਗਿਰਵੀ ਰੱਖ ਸਕਦੀ ਹੈ?

ਜ਼ੈਲੇਂਸਕੀ ਨੇ ਮਿਡਲ ਈਸਟ ਦੇ ਦੇਸ਼ਾਂ ਤੋਂ ਪੈਸਾ ਮੰਗਿਆ ; ਕਿਹਾ-ਡਰੋਨਾਂ ਤੋਂ ਬਚਾਅ ਵਿਚ ਮਦਦ ਕਰਾਂਗੇ

ਕੀਵ : ਯੂਕ੍ਰੇਨ ਦੇ ਰਾਸ਼ਟਰਪਤੀ ਜ਼ੈਲੇਂਸਕੀ ਨੇ ਮਿਡਲ ਈਸਟ ਦੇ ਦੇਸ਼ਾਂ ਤੋਂ ਹੋਰ ਪੈਸਿਆਂ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਦੇ ਬਦਲੇ ਈਰਾਨ ਦੇ ਕਾਮੀਕਾਜ਼ੇ ਡਰੋਨਾਂ ਤੋਂ ਬਚਣ ਵਿਚ ਮਦਦ ਕਰਨਗੇ।

ਖਾੜੀ ਦੇਸ਼ਾਂ ਨੂੰ ਈਰਾਨ ਦੇ 'ਸ਼ਾਹੇਦ' ਡਰੋਨਾਂ ਦਾ ਮੁਕਾਬਲਾ ਕਰਨ ਲਈ ਵੱਡੀ ਗਿਣਤੀ ਵਿਚ ਏਅਰ ਡਿਫੈਂਸ ਮਿਜ਼ਾਈਲਾਂ ਦੀ ਵਰਤੋਂ ਕਰਨੀ ਪਈ ਹੈ। ਦੂਜੇ ਪਾਸੇ, ਯੂਕ੍ਰੇਨ ਹਰ ਰਾਤ ਰੂਸ ਦੇ ਡਰੋਨ ਹਮਲਿਆਂ ਨੂੰ ਰੋਕਣ ਲਈ ਵੱਖ-ਵੱਖ ਹਥਿਆਰਾਂ ਦੀ ਵਰਤੋਂ ਕਰਦਾ ਹੈ, ਜਿਸ ਵਿਚ ਸਸਤੇ ਛੋਟੇ ਡਰੋਨ ਅਤੇ ਜੈਮਿੰਗ ਉਪਕਰਣ ਵੀ ਸ਼ਾਮਲ ਹਨ। ਜ਼ੈਲੇਂਸਕੀ ਨੇ ਕਿਹਾ ਕਿ ਅਮਰੀਕਾ ਤੋਂ ਇਲਾਵਾ ਯੂਰਪ, ਮਿਡਲ ਈਸਟ ਅਤੇ ਅਫਰੀਕਾ ਦੇ ਕਈ ਦੇਸ਼ਾਂ ਨੇ ਵੀ ਯੂਕ੍ਰੇਨ ਤੋਂ ਅਜਿਹੇ ਡਰੋਨ ਹਮਲਿਆਂ ਨਾਲ ਨਜਿੱਠਣ ਦੇ ਤਰੀਕਿਆਂ ਬਾਰੇ ਮਦਦ ਮੰਗੀ ਹੈ।

ਅਮਰੀਕਾ ਵਿਚ ਢਾਈ ਸਾਲਾਂ ਵਿਚ ਪੈਟਰੋਲ ਸਭ ਤੋਂ ਮਹਿੰਗਾ

ਅਮਰੀਕਾ ਵਿਚ ਪੈਟਰੋਲ ਦੀਆਂ ਕੀਮਤਾਂ ਵਿਚ ਵਾਧਾ ਦਰਜ ਕੀਤਾ ਗਿਆ ਹੈ। ਆਟੋਮੋਬਾਈਲ ਐਸੋਸੀਏਸ਼ਨ ਦੇ ਅਨੁਸਾਰ, ਔਸਤਨ ਪੈਟਰੋਲ ਦੀ ਕੀਮਤ 2 ਸੈਂਟ ਵਧ ਕੇ ਲੱਗਭਗ 3.72 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ। ਇਹ 7 ਅਕਤੂਬਰ 2023 ਤੋਂ ਬਾਅਦ ਪੈਟਰੋਲ ਦੀ ਸਭ ਤੋਂ ਉੱਚੀ ਕੀਮਤ ਹੈ। ਈਰਾਨ ਨਾਲ ਜੰਗ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਪੈਟਰੋਲ ਦੀਆਂ ਕੀਮਤਾਂ ਵਿਚ ਕੁੱਲ ਮਿਲਾ ਕੇ 74 ਸੈਂਟ ਪ੍ਰਤੀ ਗੈਲਨ ਦਾ ਵਾਧਾ ਹੋ ਚੁੱਕਾ ਹੈ। ਡੀਜ਼ਲ ਦੀਆਂ ਕੀਮਤਾਂ ਵਿਚ ਇਸ ਤੋਂ ਵੀ ਵੱਧ ਤੇਜ਼ੀ ਆਈ ਹੈ। ਜੰਗ ਸ਼ੁਰੂ ਹੋਣ ਤੋਂ ਬਾਅਦ ਡੀਜ਼ਲ 1.24 ਡਾਲਰ ਪ੍ਰਤੀ ਗੈਲਨ ਮਹਿੰਗਾ ਹੋ ਗਿਆ ਹੈ ਅਤੇ ਹੁਣ ਇਸ ਦੀ ਔਸਤ ਕੀਮਤ 4.99 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ।

ਈਰਾਨ ਬੋਲਿਆ-ਦੁਸ਼ਮਣਾਂ ਲਈ ਹੋਰਮੁਜ਼ ਸਟ੍ਰੇਟ ਬੰਦ

ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਹੈ ਕਿ ਹੋਰਮੁਜ਼ ਸਟ੍ਰੇਟ ਈਰਾਨ ਦੇ ਦੁਸ਼ਮਣਾਂ ਲਈ ਬੰਦ ਹੈ। ਅਰਾਘਚੀ ਨੇ ਕਿਹਾ ਕਿ ਜੰਗ ਦੇ 15 ਦਿਨਾਂ ਬਾਅਦ ਵੀ ਈਰਾਨ ਦੇ ਵਿਰੋਧੀ ਦੇਸ਼ ਹੁਣ ਦੂਜੇ ਦੇਸ਼ਾਂ ਤੋਂ ਇਸ ਸਟ੍ਰੇਟ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮਦਦ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇਸ਼ਾਂ ਤੋਂ ਮਦਦ ਮੰਗ ਰਹੇ ਹਨ ਜਿਨ੍ਹਾਂ ਨੂੰ ਕੱਲ ਤੱਕ ਆਪਣਾ ਦੁਸ਼ਮਣ ਕਹਿੰਦੇ ਸਨ ਤਾਂ ਜੋ ਹੋਰਮੁਜ਼ ਸਟ੍ਰੇਟ ਖੁੱਲ੍ਹਾ ਰਹੇ। ਅਰਾਘਚੀ ਦੇ ਮੁਤਾਬਕ, ਈਰਾਨ ਦੇ ਨਜ਼ਰੀਏ ਤੋਂ ਇਹ ਸਟ੍ਰੇਟ ਖੁੱਲ੍ਹਾ ਹੈ, ਪਰ ਇਹ ਉਨ੍ਹਾਂ ਦੇਸ਼ਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਲਈ ਬੰਦ ਹੈ ਜਿਨ੍ਹਾਂ ਨੇ ਈਰਾਨ ਵਿਰੁੱਧ ਹਮਲਾ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਨੇ ਅਜਿਹੀ ਜੰਗ ਸ਼ੁਰੂ ਕੀਤੀ ਹੈ, ਜਿਸ ਵਿਚ ਦੁਸ਼ਮਣ ਨੇ ਪਹਿਲਾਂ ਈਰਾਨ ਤੋਂ ਬਿਨਾਂ ਸ਼ਰਤ ਆਤਮ ਸਮਰਪਣ ਦੀ ਮੰਗ ਕੀਤੀ ਸੀ।

'ਪੰਜਾਬ ਕੇਸਰੀ' ਗਰੁੱਪ ਦੀ ਰਾਹਤ ਮੁਹਿੰਮ ਦਾ 923ਵਾਂ ਟਰੱਕ ਰਵਾਨਾ
'ਸ਼ਿਵਰਾਤਰੀ ਮਹਾਉਤਸਵ ਕਮੇਟੀ' ਲੁਧਿਆਣਾ ਨੇ ਭਿਜਵਾਈ ਰਾਹਤ ਸਮੱਗਰੀ

'ਪੰਜਾਬ ਕੇਸਰੀ' ਪੱਤਰ ਸਮੂਹ ਵੱਲੋਂ ਚਲਾਈ ਜਾ ਰਹੀ ਰਾਹਤ ਮੁਹਿੰਮ ਅਧੀਨ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਰਾਹਤ ਸਮੱਗਰੀ ਦਾ ਇਕ ਟਰੱਕ 'ਸ਼ਿਵਰਾਤਰੀ ਮਹਾਉਤਸਵ ਕਮੇਟੀ' (ਰਜਿ.) ਲੁਧਿਆਣਾ ਵੱਲੋਂ ਭਿਜਵਾਇਆ ਗਿਆ। ਟਰੱਕ ਵਿਚ 225 ਪਰਿਵਾਰਾਂ ਲਈ ਗਰਮ ਕੰਬਲ ਸਨ।

ਤਸਵੀਰ ਵਿਚ ਟਰੱਕ ਰਵਾਨਾ ਕਰਦੇ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਵਿਜੇ ਚੋਪੜਾ ਦੇ ਨਾਲ ਸੁਨੀਲ ਮਹਿਰਾ, ਦਰਸ਼ਨ ਲਾਲ ਲੱਡੂ, ਹਰਕੇਸ਼ ਮਿੱਤਲ, ਪਵਨ ਮਲਹੋਤਰਾ, ਐਡਵੋਕੇਟ ਮੁਨੀਸ਼ ਆਹੂਜਾ, ਰਾਜੇਸ਼ ਜੈਨ ਬੌਬੀ, ਸ਼ਾਮ ਲਾਲ ਸੂਰੀ, ਵਰਿੰਦਰ ਸ਼ਰਮਾ, ਸੰਜੇ ਗੁਪਤਾ, ਅਸ਼ੋਕ ਬਾਪਰ, ਸਰੋਜ ਵਰਮਾ, ਡਿਪਟੀ ਕਪੂਰ, ਰਮੇਸ਼ ਸ਼ਰਮਾ, ਰਾਜਿੰਦਰ ਸ਼ਰਮਾ ਤੇ ਹੋਰ। (ਰਾਕੇਸ਼)

ਸਰਹੱਦ ਖੁੱਲ੍ਹਦੇ ਹੀ ਸਸਤੇ ਸਾਮਾਨ, ਇੰਟਰਨੈੱਟ ਅਤੇ ਕੰਮ ਦੀ ਭਾਲ ਵਿਚ ਇਰਾਕ ਪਹੁੰਚੇ ਦਰਜਨਾਂ ਈਰਾਨੀ

ਹਾਜੀ ਓਮੇਰਾਨ, 16 ਮਾਰਚ (ਭਾਸ਼ਾ)-ਜੰਗ ਕਾਰਨ ਲੰਬੇ ਸਮੇਂ ਤੋਂ ਬੰਦ ਰਹੀ ਸਰਹੱਦ ਖੁੱਲ੍ਹਣ ਤੋਂ ਬਾਅਦ ਐਤਵਾਰ ਨੂੰ ਦਰਜਨਾਂ ਈਰਾਨੀ ਨਾਗਰਿਕ ਸਸਤੀ ਖਾਧ ਸਮੱਗਰੀ ਖਰੀਦਣ, ਇੰਟਰਨੈੱਟ ਦੀ ਵਰਤੋਂ ਕਰਨ, ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕਰਨ ਅਤੇ ਕੰਮ ਦੀ ਭਾਲ ਵਿਚ ਉੱਤਰੀ ਇਰਾਕ ਵਿਚ ਦਾਖਲ ਹੋਏ। ਯਾਤਰੀਆਂ ਨੇ ਦੱਸਿਆ ਕਿ ਲਗਾਤਾਰ ਹੋ ਰਹੇ ਹਵਾਈ ਹਮਲਿਆਂ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਵੱਧਦੀਆਂ ਕੀਮਤਾਂ ਨੇ ਈਰਾਨ ਵਿਚ ਜੀਵਨ ਬੇਹੱਦ ਮੁਸ਼ਕਲ ਬਣਾ ਦਿੱਤਾ ਹੈ।

ਇਰਾਕ ਦੇ ਕੁਰਦ ਖੇਤਰ ਤੋਂ ਮਾਲ ਨਾਲ ਲੱਦੇ ਟਰੱਕ ਹਾਜੀ ਓਮੇਰਾਨ ਸਰਹੱਦੀ ਚੌਕੀ ਦੇ ਰਸਤੇ ਈਰਾਨ ਵੱਲ ਵਧਦੇ ਦਿਖਾਈ ਦਿੱਤੇ। ਇਸ ਨਾਲ ਈਰਾਨ ਵਿਚ ਵੱਧਦੀਆਂ ਕੀਮਤਾਂ ਨਾਲ ਜੂਝ ਰਹੇ ਲੋਕਾਂ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਹੈ।

ਅਮਰੀਕਾ ਅਤੇ ਇਜ਼ਰਾਈਲ ਨਾਲ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਵੀ ਈਰਾਨੀ ਕੁਰਦ ਅਕਸਰ ਇਰਾਕੀ ਕੁਰਦਿਸਤਾਨ ਵਿਚ ਆਉਂਦੇ-ਜਾਂਦੇ ਰਹੇ ਹਨ। ਦੋਵਾਂ ਖੇਤਰਾਂ ਵਿਚਕਾਰ ਪਰਿਵਾਰਕ, ਸੱਭਿਆਚਾਰਕ ਅਤੇ ਆਰਥਿਕ ਸਬੰਧ ਡੂੰਘੇ ਹਨ ਅਤੇ ਖੁੱਲ੍ਹੀ ਸਰਹੱਦ ਕਾਰਨ ਵਪਾਰ ਅਤੇ ਆਵਾਜਾਈ ਨਿਯਮਤ ਰਹੀ ਹੈ। ਜੰਗ ਪ੍ਰਭਾਵਿਤ ਖੇਤਰ ਵਿਚ ਈਰਾਨੀਆਂ ਲਈ ਬਾਹਰੀ ਦੁਨੀਆ ਨਾਲ ਜੁੜਨ ਦਾ ਅਹਿਮ ਜ਼ਰੀਆ ਇਰਾਕ ਦਾ ਕੁਰਦ ਖੇਤਰ ਬਣ ਗਿਆ ਹੈ।

ਅਮਰੀਕਾ 'ਚ ਬਰਫ਼ੀਲਾ ਤੂਫ਼ਾਨ, ਤੇਜ਼ ਹਵਾਵਾਂ ਤੇ ਵਾਵਰੋਲੇ ਦਾ ਅਲਰਟ

ਵਾਸ਼ਿੰਗਟਨ : ਬਰਫੀਲੇ ਤੂਫਾਨ ਕਾਰਨ ਸੜਕ 'ਤੇ ਵਾਹਨਾਂ ਦੀਆਂ ਲੱਗੀਆਂ ਕਤਾਰਾਂ ਅਤੇ (ਇਨਸੈੱਟ) ਮਸ਼ੀਨ ਨਾਲ ਹਟਾਈ ਜਾ ਰਹੀ ਬਰਫ।

ਵਾਸ਼ਿੰਗਟਨ, 16 ਮਾਰਚ (ਇੰਟ.)-ਅਮਰੀਕਾ ਦੇ ਕਈ ਹਿੱਸਿਆਂ ਵਿਚ ਆਏ ਭਿਆਨਕ ਮੌਸਮੀ ਤੂਫ਼ਾਨ ਨੇ ਭਾਰੀ ਤਬਾਹੀ ਮਚਾ ਦਿੱਤੀ ਹੈ। ਉੱਪਰੀ ਮੱਧ-ਪੱਛਮੀ ਖੇਤਰ ਵਿਚ ਬਰਫ਼ਬਾਰੀ ਅਤੇ ਤੇਜ਼ ਹਵਾਵਾਂ ਕਾਰਨ ਸੜਕਾਂ ਬੰਦ ਹੋ ਗਈਆਂ ਹਨ, ਜਦਕਿ ਪੂਰਬੀ ਤੱਟ 'ਤੇ ਵਾਵਰੋਲਾ ਅਤੇ ਵਿਨਾਸ਼ਕਾਰੀ ਹਵਾਵਾਂ ਦਾ ਖ਼ਤਰਾ ਵਧ ਗਿਆ ਹੈ।

ਰਾਸ਼ਟਰੀ ਮੌਸਮ ਸੇਵਾ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਮੱਧ ਅਟਲਾਂਟਿਕ ਸੂਬਿਆਂ, ਵਾਸ਼ਿੰਗਟਨ ਡੀ.ਸੀ. ਸਮੇਤ ਕਈ ਇਲਾਕਿਆਂ ਵਿਚ ਸਭ ਤੋਂ ਵੱਧ ਖ਼ਤਰਾ ਹੈ। ਮੌਸਮ ਮਾਹਿਰਾਂ ਅਨੁਸਾਰ, ਇਹ ਸੀਤ ਲਹਿਰ ਮੰਗਲਵਾਰ ਤੱਕ ਪੂਰਬੀ ਤੱਟ ਤੋਂ ਦੂਰ ਚਲੀ ਜਾਵੇਗੀ, ਪਰ ਇਸ ਨਾਲ ਅਚਾਨਕ ਤੇਜ਼ ਠੰਢ ਵੱਧ ਸਕਦੀ ਹੈ।

ਖਾੜੀ ਤੱਟ, ਫਲੋਰੀਡਾ ਪੈਨਹੈਂਡਲ ਅਤੇ ਦੱਖਣ-ਪੂਰਬੀ ਖੇਤਰਾਂ ਵਿਚ ਤਾਪਮਾਨ ਜ਼ੀਰੋ ਤੋਂ ਹੇਠਾਂ ਡਿੱਗਣ ਦੀ ਸੰਭਾਵਨਾ ਹੈ। ਅਰਕਾਨਸਸ, ਓਕਲਾਹੋਮਾ, ਲੂਈਸਿਆਨਾ ਅਤੇ ਟੈਕਸਾਸ ਦੇ ਕੁਝ ਹਿੱਸਿਆਂ ਵਿਚ ਵੀ ਠੰਢ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ।

ਰਿਪੋਰਟ ਅਨੁਸਾਰ, ਉੱਤਰ ਵਿਚ ਠੰਢੀਆਂ ਹਵਾਵਾਂ ਕਾਰਨ ਬਾਰਿਸ਼ ਬਰਫ਼ ਵਿਚ ਬਦਲ ਰਹੀ ਹੈ, ਜਦਕਿ ਪੱਛਮੀ ਵਰਜੀਨੀਆ ਦੇ ਮੱਧ ਐਪਲਾਚੀਅਨ ਖੇਤਰ 'ਚ 15 ਸੈਂਟੀਮੀਟਰ ਤੋਂ ਵੱਧ ਬਰਫ਼ ਜਮ੍ਹਾ ਹੋਣ ਦੀ ਸੰਭਾਵਨਾ ਹੈ। ਮਿਨੀਸੋਟਾ, ਵਿਸਕਾਨਸਿਨ ਅਤੇ ਮਿਸ਼ੀਗਨ ਵਿਚ ਭਾਰੀ ਬਰਫ਼ਬਾਰੀ ਦਰਜ ਕੀਤੀ ਗਈ ਹੈ।

ਰੂਸ ਨੇ ਮਾਸਕੋ ਨੂੰ ਨਿਸ਼ਾਨਾ ਬਣਾਉਣ ਆਏ ਯੂਕ੍ਰੇਨ ਦੇ 250 ਡਰੋਨਾਂ ਨੂੰ ਕੀਤਾ ਤਬਾਹ

ਮਾਸਕੋ, 16 ਮਾਰਚ (ਭਾਸ਼ਾ)-ਰੂਸ ਦੀ ਹਵਾਈ ਰੱਖਿਆ ਪ੍ਰਣਾਲੀ ਨੇ ਹਫਤੇ ਦੇ ਅੰਤ ਵਿਚ ਰਾਜਧਾਨੀ ਮਾਸਕੋ ਨੂੰ ਨਿਸ਼ਾਨਾ ਬਣਾਉਣ ਲਈ ਯੂਕ੍ਰੇਨ ਵੱਲੋਂ ਭੇਜੇ ਗਏ 250 ਡਰੋਨਾਂ ਨੂੰ ਤਬਾਹ ਕਰ ਦਿੱਤਾ। ਸ਼ਹਿਰ ਦੇ ਮੇਅਰ ਸਰਗੇਈ ਸੋਬਯਾਨਿਨ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਮੇਅਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਸੋਮਵਾਰ ਸਵੇਰੇ ਕੁਝ ਪ੍ਰਮੁੱਖ ਹਵਾਈ ਅੱਡਿਆਂ ਨੂੰ ਉਡਾਣਾਂ ਦੀ ਗਿਣਤੀ ਵਿਚ ਕਟੌਤੀ ਕਰਨੀ ਪਈ।

ਸੋਬਯਾਨਿਨ ਨੇ ਸੋਸ਼ਲ ਮੀਡੀਆ ਮੰਚ 'ਤੇ ਇਕ ਪੋਸਟ ਵਿਚ ਕਿਹਾ ਕਿ ਰੱਖਿਆ ਮੰਤਰਾਲੇ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਉਨ੍ਹਾਂ ਦੇ ਪੇਸ਼ੇਵਰ ਅਤੇ ਸਮਰਪਿਤ ਕੰਮ ਲਈ ਧੰਨਵਾਦ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਰਾਜਧਾਨੀ ਵੱਲ ਜਾਂ ਰੱਖਿਆ ਦੀ ਦੂਜੀ ਲਾਈਨ ਵੱਲ ਵਧ ਰਹੇ 250 ਡਰੋਨਾਂ ਨੂੰ ਤਬਾਹ ਕਰ ਦਿੱਤਾ ਗਿਆ।

ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਦੀ ਸਿਫ਼ਾਰਿਸ਼

'ਆਰ.ਐੱਸ.ਐੱਸ.' ਅਤੇ 'ਰਾਅ' 'ਤੇ ਪਾਬੰਦੀ ਲਾਵੇ ਟਰੰਪ ਪ੍ਰਸ਼ਾਸਨ

ਵਾਸ਼ਿੰਗਟਨ, 16 ਮਾਰਚ (ਏਜੰਸੀਆਂ)-ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਨੇ ਟਰੰਪ ਪ੍ਰਸ਼ਾਸਨ ਨੂੰ 'ਰਾਸ਼ਟਰੀ ਸਵੈਮ ਸੇਵਕ ਸੰਘ' ਅਤੇ ਭਾਰਤ ਦੀ ਖੁਫੀਆ ਏਜੰਸੀ 'ਰਾਅ' 'ਤੇ ਪਾਬੰਦੀ ਲਾਉਣ ਦੀ ਸਿਫ਼ਾਰਿਸ਼ ਕੀਤੀ ਹੈ। ਕਾਂਗਰਸ ਨੇ ਵੀ ਇਸ ਸਿਫ਼ਾਰਿਸ਼ ਦਾ ਸਮਰਥਨ ਕੀਤਾ ਹੈ। ਕਮਿਸ਼ਨ ਦਾ ਦੋਸ਼ ਹੈ ਕਿ ਇਨ੍ਹਾਂ ਕਾਰਨ ਭਾਰਤ ਵਿਚ ਧਾਰਮਿਕ ਆਜ਼ਾਦੀ ਘਟੀ ਹੈ। ਭਾਰਤ ਨੂੰ ਧਾਰਮਿਕ ਆਜ਼ਾਦੀ ਦੇ ਮਾਮਲੇ ਵਿਚ 'ਵਿਸ਼ੇਸ਼ ਚਿੰਤਾ ਵਾਲਾ ਦੇਸ਼' ਦੱਸਦੇ ਹੋਏ ਕਮਿਸ਼ਨ ਨੇ ਵਾਸ਼ਿੰਗਟਨ ਸਰਕਾਰ ਨੂੰ ਕਿਹਾ ਹੈ ਕਿ ਉਹ ਭਾਰਤ ਨਾਲ ਹਥਿਆਰਾਂ ਦੀ ਵਿਕਰੀ ਅਤੇ ਵਪਾਰਕ ਨੀਤੀਆਂ 'ਤੇ ਵੀ ਧਿਆਨ ਦੇਵੇ। ਹਾਲੇ ਤੱਕ ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਨਵੀਂ ਰਿਪੋਰਟ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ, ਪਰ ਪਿਛਲੇ ਸਾਲਾਂ ਵਿਚ ਆਈਆਂ ਰਿਪੋਰਟਾਂ ਨੂੰ ਭਾਰਤ ਸਰਕਾਰ ਨੇ ਪੂਰੀ ਤਰ੍ਹਾਂ ਖਾਰਿਜ ਕਰਦੇ ਹੋਏ ਪੱਖਪਾਤੀ ਕਰਾਰ ਦਿੱਤਾ ਸੀ।

ਰਿਪੋਰਟ ਵਿਚ ਧਾਰਮਿਕ ਘੱਟ ਗਿਣਤੀਆਂ ਅਤੇ ਪੂਜਾ ਅਸਥਾਨਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਵੀ ਦੋਸ਼ ਲਾਇਆ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਭਾਰਤ ਦੇ ਕਈ ਸੂਬਿਆਂ ਵਿਚ ਧਰਮ ਤਬਦੀਲੀ ਵਿਰੋਧੀ ਕਾਨੂੰਨਾਂ ਨੂੰ ਲਾਗੂ ਕਰਨ ਦੀ ਕ